# ਫਿਰੋਜ਼ਪੁਰ ਪੁਲਿਸ
(ਪ੍ਰੈਸ ਨੋਟ)

**ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਮਾੜੇ ਅੰਨਸਰਾਂ ਖਿਲਾਫ ਜ਼ਾਰੀ ਮੁਹਿੰਮ ਤਹਿਤ**

- **ਲੁੱਟਾਂ-ਖੋਹਾਂ ਕਰਨ ਵਾਲੇ ਇੱਕ ਗਿਰੋਹ ਦੇ 05 ਮੈਂਬਰਾਂ ਨੂੰ ਕਾਬੂ ਕਰਕੇ ਚੋਰੀ-ਸ਼ੁਦਾ 12 ਮੋਟਰਸਾਈਕਲ, 16 ਬੈਟਰੀਆ, 25 ਕਿੱਲੋ ਟੂਟੀਆ (ਪਿੱਤਲ) ਅਤੇ 04 ਕਾਪੇ, 01 ਬੇਸਬਾਲ ਰਿਕਵਰ ਕੀਤਾ**
- **ਚੋਰੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕਰਕੇ 20 ਚੋਰੀ ਸ਼ੁਦਾ ਮੋਟਰਸਾਈਕਲ ਬ੍ਰਾਮਦ ਕੀਤੇ**

**ਫਿਰੋਜ਼ਪੁਰ : 15 ਅਪ੍ਰੈਲ, 2023**

ਸ਼੍ਰੀ ਭੁਪਿੰਦਰ ਸਿੰਘ ਪੀ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋਂ ਪ੍ਰੈਸ ਨੂੰ ਸੰਬੋਧਨ ਕਰਦਿਆ ਦੱਸਿਆ ਗਿਆ ਕਿ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਾ ਤਸਕਰਾਂ ਨੂੰ ਠੱਲ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਗੰਭੀਰਤਾ ਨਾਲ ਕਾਰਵਾਈ ਕੀਤੀ ਜਾ ਰਹੀ ਹੈ; ਇਸ ਲੜੀ ਵਿੱਚ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜ਼ਟਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅੰਨਸਰਾਂ ਖਿਲਾਫ ਨਿਗਰਾਨੀ/ਕਾਰਵਾਈ ਕਰ ਰਹੀਆ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ ਆਈ.ਪੀ.ਐੱਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ ਫਿਰੋਜ਼ਪੁਰ ਅਤੇ ਸ਼੍ਰੀ ਸੁਰਿੰਦਰ ਪਾਲ ਬਾਂਸਲ, ਪੀ.ਪੀ.ਐੱਸ., ਉਪ ਕਪਤਾਨ ਪੁਲਿਸ, ਸ:ਡ: ਸ਼ਹਿਰੀ ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸ: ਮੋਹਿਤ ਧਵਨ, ਮੁੱਖ ਅਫਸਰ ਥਾਣਾ ਸਿਟੀ ਫਿਰੋਜ਼ਪੁਰ ਦੀ ਅਗਵਾਈ ਵਿੱਚ ਕੰਮ ਕਰ ਰਹੀ ਸ.ਥ. ਹਰਨੇਕ ਸਿੰਘ ਦੀ ਟੀਮ ਨੂੰ ਮਿਤੀ 14-04-2023 ਨੂੰ ਦੌਰਾਨੇ ਗਸ਼ਤ ਗੁਪਤ ਸੂਤਰਾ ਤੋਂ ਇਤਲਾਹ ਮਿਲੀ ਕਿ ਕੱਲੂ ਪੁੱਤਰ ਮੰਗਲ, ਸਾਗਰ ਪੁੱਤਰ ਸਤਪਾਲ, ਲੋਲੀ ਪੁੱਤਰ ਮੰਗਤ ਰਾਮ ਵਾਸੀਆਨ ਬਸਤੀ ਆਵਾ, ਸੂਰਜ ਉਰਫ ਜੋਨਾ ਪੁੱਤਰ ਹੀਰਾ ਲਾਲ ਵਾਸੀ ਬੇਦੀ ਕਲੋਨੀ ਅਤੇ ਅਨਿਲ ਪੁੱਤਰ ਮੰਗਲ ਰਾਮ ਵਾਸੀ ਅਫਸਰ ਕਲੋਨੀ, ਫਿਰੋਜ਼ਪੁਰ ਸ਼ਹਿਰ ਨੇ ਇੱਕ ਗਿਰੋਹ ਬਣਾਇਆ ਹੋਇਆ ਹੈ, ਜੋ ਰਾਤ ਸਮੇਂ ਰਾਹਗੀਰਾਂ ਪਾਸੋਂ ਡਕੈਤੀ, ਲੁੱਟ-ਖੋਹ ਕਰਦੇ ਹਨ, ਜੋ ਸੋਕੜ ਨਹਿਰ ਦੇ ਪੁਲ ਪਾਸ ਲੁੱਕ-ਛਿੱਪ ਕੇ ਹੋਰ ਡਕੈਤੀ, ਲੁੱਟ-ਖੋਹ ਕਰਨ ਦੀ ਤਿਆਰੀ ਕਰ ਰਹੇ ਹਨ। ਜਿਸ ਤੇ ਸ.ਥ. ਹਰਨੇਕ ਸਿੰਘ ਨੇ ਕਾਰਵਾਈ ਕਰਦਿਆ ਉਕਤ ਦੋਸ਼ੀਆਨ ਕੱਲੂ ਵਗੈਰਾ ਦੇ ਖਿਲਾਫ ਮੁਕੱਦਮਾ ਨੰਬਰ 151 ਮਿਤੀ 14-04-2023 ਅ/ਧ 399,402,379,411 ਭ.ਦ. ਥਾਣਾ ਸਿਟੀ ਫਿਰੋਜ਼ਪੁਰ ਦਰਜ ਕਰਵਾ ਕੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਮੁਖਬਰ ਦੀ ਦੱਸੀ ਜਗਾ **ਸੋਕੜ ਨਹਿਰ ਦੇ ਪੁਲ ਤੋਂ ਉਕਤ ਦੋਸ਼ੀਆਨ ਨੂੰ ਕਾਬੂ ਕੀਤਾ ਗਿਆ**, **ਜਿੰਨਾਂ ਪਾਸੋਂ 02 ਮੋਟਰਸਾਈਕਲ (ਚੋਰੀ-ਸ਼ੁਦਾ), 04 ਕਾਪੇ ਤੇ 01 ਬੇਸਬਾਲ ਰਿਕਵਰ ਹੋਏ।** ਦੋਸ਼ੀਆਨ ਦੀ ਗ੍ਰਿਫਤਾਰੀ ਉਪਰੰਤ ਉਹਨਾਂ ਪਾਸੋਂ ਕੀਤੀ ਗਈ **ਪੁੱਛ-ਗਿੱਛ ਦੌਰਾਨ ਦੋਸ਼ੀਆਨ ਪਾਸੋਂ 10 ਚੋਰੀ-ਸ਼ੁਦਾ ਮੋਟਰਸਾਈਕਲ, 16 ਚੋਰੀ ਸ਼ੁਦਾ ਬੈਟਰੀਆ, 25 ਕਿੱਲੋ ਪਿੱਤਲ ਦੀਆ ਟੂਟੀਆ ਬ੍ਰਾਮਦ ਹੋਈਆ, ਜਿੰਨਾਂ ਨੇ ਪਿਛਲੇ ਦਿਨੀ ਏਕਤਾ ਨਗਰ ਦੇ ਵੱਖ-ਵੱਖ ਘਰਾਂ ਵਿੱਚ ਹੋਈਆ ਚੋਰੀਆ ਦੀਆ ਵਾਰਦਾਤਾਂ ਵੀ ਕਬੂਲ ਕੀਤੀਆ**। ਇਸ ਤੋਂ ਇਲਾਵਾ ਦੋਸ਼ੀਆਨ ਦੀ ਪੁੱਛ-ਗਿੱਛ ਦੌਰਾਨ ਸਾਹਮਣੇ ਆਇਆ ਕਿ **ਦੋਸ਼ੀਆਨ ਰਾਜ ਕੁਮਾਰ ਪੁੱਤਰ ਬਾਊ ਲਾਲ ਵਾਸੀ ਮੱਖੂ ਗੇਟ, ਫਿਰੋ: ਸ਼ਹਿਰ (ਕਬਾੜੀਆ) ਨੂੰ ਡਾਕੇ, ਲੁੱਟ ਦਾ ਸਮਾਨ ਵੇਚਦੇ ਸਨ; ਜਿਸ ਨੂੰ ਵੀ ਮੁਕੱਦਮਾ ਹਜਾ ਵਿੱਚ ਨਾਮਜਦ ਕਰਕੇ ਮਿਤੀ 15-04-2023 ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।** ਅੱਜ ਦੋਸ਼ੀਆਨ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਇਹਨਾਂ ਦੇ ਸਾਥੀਆ ਬਾਰੇ ਵਾ ਹੋਰਨਾਂ ਵਾਰਦਾਤਾਂ ਬਾਰੇ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

**ਮੁ:ਨੰ: 151 ਮਿਤੀ 14-04-2023 ਅ/ਧ 399,402,379,411 ਭ.ਦ. ਥਾਣਾ ਸਿਟੀ ਫਿਰੋਜ਼ਪੁਰ**

**ਦੋਸ਼ੀ :** 1} ਕੱਲੂ ਪੁੱਤਰ ਮੰਗਲ ਵਾਸੀ ਬਸਤੀ ਆਵਾ, ਫਿਰੋ: ਸ਼ਹਿਰ (ਉਮਰ ਕਰੀਬ 22 ਸਾਲ)
2} ਸਾਗਰ ਪੁੱਤਰ ਸਤਪਾਲ ਵਾਸੀ ਬਸਤੀ ਆਵਾ, ਫਿਰੋ: ਸ਼ਹਿਰ (ਉਮਰ ਕਰੀਬ 30 ਸਾਲ)
3} ਲੋਲੀ @ ਰਾਹੁਲ ਪੁੱਤਰ ਮੰਗਤ ਰਾਮ ਵਾਸੀ ਬਸਤੀ ਆਵਾ, ਫਿਰੋ: ਸ਼ਹਿਰ (ਉਮਰ ਕਰੀਬ 25 ਸਾਲ)
4} ਸੂਰਜ ਉਰਫ ਜੋਨਾ ਪੁੱਤਰ ਹੀਰਾ ਲਾਲ ਵਾਸੀ ਬੇਦੀ ਕਲੋਨੀ, ਫਿਰੋ: (ਉਮਰ ਕਰੀਬ 40 ਸਾਲ)
5} ਅਨਿਲ ਪੁੱਤਰ ਮੰਗਲ ਰਾਮ ਵਾਸੀ ਅਫਸਰ ਕਲੋਨੀ, ਫਿਰੋ: ਸ਼ਹਿਰ (ਉਮਰ ਕਰੀਬ 32 ਸਾਲ)

**{ਸਾਰੇ ਗ੍ਰਿਫ: 14-04-2023}**

6} ਰਾਜ ਕੁਮਾਰ ਪੁੱਤਰ ਬਾਊ ਲਾਲ ਵਾਸੀ ਮੱਖੂ ਗੇਟ, ਫਿਰੋ: ਸ਼ਹਿਰ **(ਕਬਾੜੀਆ)**

**(ਨਾਮਜਦ ਅਤੇ ਗ੍ਰਿਫ: ਮਿਤੀ 15-04-2023)**

**ਬ੍ਰਾਮਦਗੀ :** 12 ਮੋਟਰਸਾਈਕਲ ਬਿਨਾਂ ਨੰਬਰੀ, 16 ਚੋਰੀ-ਸ਼ੁਦਾ ਬੈਟਰੀਆ, 25 ਕਿੱਲੋ ਪਿੱਤਲ ਦੀਆ ਟੂਟੀਆ ਅਤੇ 04 ਕਾਪੇ, 01 ਬੇਸਬਾਲ

**ਗ੍ਰਿਫਤਾਰੀ ਦਾ ਵਕੂਆ :** ਸੋਕੜ ਨਹਿਰ ਦੇ ਪੁਲ ਪਾਸੋਂ

**ਦੋਸ਼ੀਆਨ ਦਾ ਸਾਬਕਾ ਪੜਤਾਲ ਰਿਕਾਰਡ :**

| ਲੜੀ ਨੰਬਰ | ਦੋਸ਼ੀ ਦਾ ਨਾਮ ਪਤਾ | ਪਹਿਲਾਂ ਦਰਜ਼ ਮੁਕੱਦਮਾਤ |
|---|---|---|
| 1 | ਕੱਲੂ ਪੁੱਤਰ ਮੰਗਲ ਵਾਸੀ ਬਸਤੀ ਆਵਾ, ਫਿਰੋ: ਸ਼ਹਿਰ | 1} ਮੁ:ਨੰ: 460/2022 ਅ/ਧ 379,411 ਭ.ਦ. ਥਾਣਾ ਸਿਟੀ ਫਿਰੋ: |
| 2 | ਸਾਗਰ ਪੁੱਤਰ ਸਤਪਾਲ ਵਾਸੀ ਬਸਤੀ ਆਵਾ, ਫਿਰੋ: ਸ਼ਹਿਰ | 1} ਮੁ:ਨੰ: 265/2019 ਅ/ਧ 457,380 ਭ.ਦ. ਥਾਣਾ ਸਿਟੀ ਫਿਰੋ:<br>2} ਮੁ:ਨੰ: 31/2020 ਅ/ਧ 379,411 ਭ.ਦ. ਥਾਣਾ ਸਿਟੀ ਫਿਰੋ:<br>3} ਮੁ:ਨੰ: 214/2020 ਅ/ਧ 379,411 ਭ.ਦ. ਥਾਣਾ ਸਿਟੀ ਫਿਰੋ:<br>4} ਮੁ:ਨੰ: 19/2021 ਅ/ਧ 379,411 ਭ.ਦ. ਥਾਣਾ ਸਿਟੀ ਫਿਰੋ:<br>5} ਮੁ:ਨੰ: 60/2021 ਅ/ਧ 379,411 ਭ.ਦ. ਥਾਣਾ ਮੱਖੂ<br>6} ਮੁ:ਨੰ: 242/2022 ਅ/ਧ 22 NDPS Act ਥਾਣਾ ਸਿਟੀ ਫਿਰੋ: |
| 3 | ਲੋਲੀ ਉਰਫ ਰਾਹੁਲ ਪੁੱਤਰ ਮੰਗਤ ਰਾਮ ਵਾਸੀ ਬਸਤੀ ਆਵਾ, ਫਿਰੋ: ਸ਼ਹਿਰ | 1} ਮੁ:ਨੰ: 05/2018 ਅ/ਧ 3(145,146) ਰੇਲਵੇ ਐਕਟ ਥਾਣਾ ਜੀ.ਆਰ.ਪੀ. ਮੱਖੂ<br>2} ਮੁ:ਨੰ: 19/2019 ਅ/ਧ 381,457 ਭ.ਦ. ਥਾਣਾ ਸਿਟੀ ਮੁਕਤਸਰ<br>3} ਮੁ:ਨੰ: 54/2019 ਅ/ਧ 457,380 ਭ.ਦ. ਥਾਣਾ ਸਿਟੀ ਰਾਮਪੁਰਾ ਬਠਿੰਡਾ |
| 4 | ਸੂਰਜ ਉਰਫ ਜੋਨਾ ਪੁੱਤਰ ਹੀਰਾ ਲਾਲ ਵਾਸੀ ਬੇਦੀ ਕਲੋਨੀ, ਫਿਰੋ: | 1} ਮੁ:ਨੰ: 101/2022 ਅ/ਧ 379,411 ਭ.ਦ. ਥਾਣਾ ਕੁੱਲਗੜੀ |
| 5 | ਅਨਿਲ ਪੁੱਤਰ ਮੰਗਲ ਰਾਮ ਵਾਸੀ ਅਫਸਰ ਕਲੋਨੀ, ਫਿਰੋ: ਸ਼ਹਿਰ | - |

ਇਸੇ ਤਰਾਂ ਸ਼੍ਰੀ ਰਣਧੀਰ ਕੁਮਾਰ ਆਈ.ਪੀ.ਐੱਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ ਫਿਰੋਜ਼ਪੁਰ ਅਤੇ ਸ਼੍ਰੀ ਫਤਿਹ ਸਿੰਘ ਬਰਾੜ, ਪੀ.ਪੀ.ਐੱਸ., ਉਪ ਕਪਤਾਨ ਪੁਲਿਸ, (ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸ: ਹਰਪ੍ਰੀਤ ਸਿੰਘ, ਇੰਚਾਰਜ਼ ਸੀ.ਆਈ.ਏ. ਸਟਾਫ ਫਿਰੋਜ਼ਪੁਰ ਦੀ ਅਗਵਾਈ ਵਿੱਚ ਕੰਮ ਕਰ ਰਹੀ ਸ.ਥ. ਰਜੇਸ਼ ਕੁਮਾਰ ਦੀ ਟੀਮ ਨੂੰ ਮਿਤੀ 14-04-2023 ਨੂੰ ਦੌਰਾਨੇ ਗਸ਼ਤ ਗੁਪਤ ਸੂਤਰਾ ਤੋਂ ਇਤਲਾਹ ਮਿਲੀ ਕਿ ਅਮਨ ਪੁੱਤਰ ਸੁਨੀਲ ਕੁਮਾਰ ਵਾਸੀ ਨਵਾਂ ਪੂਰਬਾ, ਸਤੀਏਵਾਲਾ ਆਪਣੇ ਸਾਥੀਆ ਨਾਲ ਮਿਲ ਕੇ ਫਿਰੋਜ਼ਪੁਰ ਸ਼ਹਿਰ, ਫਿਰੋਜ਼ਪੁਰ ਛਾਉਣੀ ਤੇ ਆਸ-ਪਾਸ ਦੇ ਇਲਾਕਿਆ ਵਿੱਚੋਂ ਮੋਟਰਸਾਈਕਲ ਚੋਰੀ ਕਰਕੇ ਅੱਗੇ ਵੇਚਣ ਦਾ ਆਦਿ ਹੈ, ਜੋ ਅੱਜ ਵੀ ਚੋਰੀ ਕੀਤਾ ਹੋਇਆ ਮੋਟਰਸਾਈਕਲ ਵੇਚਣ ਦੇ ਇਰਾਦੇ ਨਾਲ ਦਾਣਾ ਮੰਡੀ, ਫਰੀਦਕੋਟ ਰੋਡ ਦੇ ਗੇਟ ਨੰਬਰ 02 ਪਾਸ ਮੌਜੂਦ ਹੈ। ਜਿਸ ਤੇ ਸ.ਥ. ਰਜੇਸ਼ ਕੁਮਾਰ ਨੇ ਕਾਰਵਾਈ ਕਰਦਿਆ ਉਕਤ ਦੋਸ਼ੀ ਅਮਨ ਦੇ ਖਿਲਾਫ ਮੁਕੱਦਮਾ ਨੰਬਰ 37 ਮਿਤੀ 15-04-2023 ਅ/ਧ 379,411 ਭ.ਦ. ਥਾਣਾ ਕੁੱਲਗੜੀ ਦਰਜ ਕਰਵਾ ਕੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਮੁਖਬਰ ਦੀ ਦੱਸੀ ਜਗ੍ਹਾ **ਦਾਣਾ ਮੰਡੀ, ਫਰੀਦਕੋਟ ਰੋਡ ਦੇ ਗੇਟ ਨੰਬਰ 02 ਪਾਸ ਉਕਤ ਦੋਸ਼ੀ ਨੂੰ ਕਾਬੂ ਕੀਤਾ ਗਿਆ, ਜਿਸ ਪਾਸੋਂ 01 ਚੋਰੀ ਸ਼ੁਦਾ ਮੋਟਰਸਾਈਕਲ ਬ੍ਰਾਮਦ ਹੋਇਆ।** ਦੋਸ਼ੀ ਦੀ ਗ੍ਰਿਫਤਾਰੀ ਉਪਰੰਤ ਉਸ ਪਾਸੋਂ ਕੀਤੀ ਗਈ **ਪੁੱਛ-ਗਿੱਛ ਦੌਰਾਨ ਦੋਸ਼ੀ ਵੱਲੋਂ ਕੀਤੇ ਗਏ ਇੰਕਸ਼ਾਪ ਦੇ ਆਧਾਰ ਤੇ 19 ਹੋਰ ਚੋਰੀ-ਸ਼ੁਦਾ ਮੋਟਰਸਾਈਕਲ ਬ੍ਰਾਮਦ ਹੋਏ ਅਤੇ ਇਸਦੇ ਇੱਕ ਹੋਰ ਸਾਥੀ ਸਾਗਰ ਵਾਸੀ ਖਲਚੀਆ ਜਦੀਦ ਬਾਰੇ ਪਤਾ ਲੱਗਾ ਹੈ,** ਜਿਸ ਨੂੰ ਮੁਕੱਦਮਾ ਵਿੱਚ ਦੋਸ਼ੀ ਵਜੋਂ ਨਾਮਜਦ ਕੀਤਾ ਜਾ ਰਿਹਾ ਹੈ। ਅੱਜ ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਇਸ ਦੇ ਹੋਰਨਾ ਸਾਥੀਆ ਬਾਰੇ ਵਾ ਹੋਰਨਾਂ ਵਾਰਦਾਤਾਂ ਬਾਰੇ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

**ਮੁਕੱਦਮਾ ਨੰਬਰ 37 ਮਿਤੀ 15-04-2023 ਅ/ਧ 379,411 ਭ.ਦ. ਥਾਣਾ ਕੁੱਲਗੜੀ**

**ਦੋਸ਼ੀ :** 1} ਅਮਨ ਪੁੱਤਰ ਸੁਨੀਲ ਕੁਮਾਰ ਵਾਸੀ ਨਵਾਂ ਪੂਰਬਾ, ਸਤੀਏਵਾਲਾ (ਉਮਰ ਕਰੀਬ 28 ਸਾਲ)
**{ਗ੍ਰਿਫ: 15-04-2023}**
2} ਸਾਗਰ ਵਾਸੀ ਖਲਚੀਆ ਜ਼ਦੀਦ **{ਨਾਮਜਦ ਕੀਤਾ ਜਾ ਰਿਹਾ ਹੈ}**

**ਬ੍ਰਾਮਦਗੀ :** 20 ਚੋਰੀ ਸ਼ੁਦਾ ਮੋਟਰਸਾਈਕਲ

**ਗ੍ਰਿਫਤਾਰੀ ਦਾ ਵਕੂਆ :** ਦਾਣਾ ਮੰਡੀ, ਫਰੀਦਕੋਟ ਰੋਡ ਦੇ ਗੇਟ ਨੰਬਰ 02 ਪਾਸ

**ਦੋਸ਼ੀ ਦਾ ਸਾਬਕਾ ਪੜਤਾਲ ਰਿਕਾਰਡ :** ਦੋਸ਼ੀ ਅਮਨ ਦੇ ਖਿਲਾਫ ਪਹਿਲਾਂ ਕੋਈ ਮੁਕੱਦਮਾ ਦਰਜ਼ ਨਹੀਂ ਹੈ।

**ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਮੌਜੂਦਾ ਐੱਸ.ਐੱਸ.ਪੀ., ਫਿਰੋਜ਼ਪੁਰ ਦੀ ਅਗਵਾਈ ਵਿੱਚ ਮਿਤੀ 19-03-2023 ਤੋਂ ਹੁਣ ਤੱਕ ਮਾੜੇ ਅੰਨਸਰਾਂ ਖਿਲਾਫ ਕੀਤੀ ਗਈ ਕਾਰਵਾਈ :**

ਸ੍ਰੀ ਭੁਪਿੰਦਰ ਸਿੰਘ ਪੀ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋਂ ਅੱਗੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਹਨਾਂ ਦਾ ਮੁੱਖ ਲਕਸ਼ ਮਾੜੇ ਅਨਸਰਾਂ ਨੂੰ ਠੱਲ ਪਾ ਕੇ ਸਮਾਜ ਵਿੱਚ ਕਾਨੂੰਨ ਦਾ ਰਾਜ ਸਥਾਪਿਤ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਲਈ **ਉਹਨਾਂ ਦੀ ਪੂਰੀ ਟੀਮ (ਜਿਲ੍ਹਾ ਪੁਲਿਸ ਫਿਰੋਜ਼ਪੁਰ) ਵੱਲੋਂ ਮਿਤੀ 19-03-2023 ਤੋਂ ਹੁਣ ਤੱਕ ਹੇਠ ਲਿਖੇ ਅਨੁਸਾਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ:**

**ਅਸਲਾ ਐਕਟ ਤਹਿਤ ਕਾਬੂ ਦੋਸ਼ੀ :**

| **ਲੜੀ ਨੰ** | **ਮੁੱਕਦਮਾ ਨੰਬਰ ਮਿਤੀ ਅ/ਧ ਥਾਣਾ** | **ਨਾਮ ਪਤਾ ਦੋਸ਼ੀਆਨ** | **ਬ੍ਰਾਮਦਗੀ** |
|---|---|---|---|
| 1. | ਮੁ:ਨੰ: 28 ਮਿਤੀ 19-03-2023 ਅ/ਧ 25 ਅਸਲਾ ਐਕਟ ਥਾਣਾ ਕੈਂਟ ਫਿਰੋਜ਼ਪੁਰ। | ਗਗਨਦੀਪ ਸਿੰਘ ਉਰਫ ਮਿੱਠੀ **(ਗ੍ਰਿਫ:)** | **01 ਪਿਸਟਲ ਨਜ਼ਾਇਜ਼ ਸਮੇਤ ਮੈਗਜੀਨ ਅਤੇ 03 ਜਿੰਦਾ ਰੌਂਦ** |
| 2. | ਮੁ:ਨੰ: 93 ਮਿਤੀ 03-03-2023 ਅ/ਧ 336,427,506,148,149 ਭ.ਦ. 25/27 ਅਸਲਾ ਐਕਟ ਥਾਣਾ ਸਿਟੀ ਫਿਰੋਜ਼ਪੁਰ। | ਮੋਹਿਤ ਗਿੱਲ **(ਗ੍ਰਿਫ: ਮਿਤੀ 07-04-2023 ਵੱਲੋਂ ਸੀ.ਆਈ.ਏ. ਫਿਰੋਜ਼ਪੁਰ)** | **01 ਪਿਸਟਲ ਨਜ਼ਾਇਜ਼** |

**ਸਨੈਚਿੰਗ ਕਰਨ ਵਾਲੇ ਕਾਬੂ ਦੋਸ਼ੀ :**

| **ਲੜੀ ਨੰ** | **ਮੁੱਕਦਮਾ ਨੰਬਰ ਮਿਤੀ ਅ/ਧ ਥਾਣਾ** | **ਨਾਮ ਪਤਾ ਦੋਸ਼ੀਆਨ** | **ਬ੍ਰਾਮਦਗੀ** |
|---|---|---|---|
| 1. | ਮੁ:ਨੰ: 49 ਮਿਤੀ 06-04-2023 ਅ/ਧ 379ਬੀ ਭ.ਦ. ਥਾਣਾ ਮੱਖੂ। | 1} ਸਵਰਨ ਸਿੰਘ ਉਰਫ ਗੱਗਰ **(ਗ੍ਰਿਫ:)**<br>2} ਅਰਸਦੀਪ ਉਰਫ ਬਿੱਲਾ ਪੁੱਤਰ ਜਗਤਾਰ ਸਿੰਘ **(ਗ੍ਰਿਫ:)** | **01 ਮੋਬਾਈਲ ਫੌਨ** |
| 2. | ਮੁ:ਨੰ: 146 ਮਿਤੀ 12-04-2023 ਅ/ਧ 379ਬੀ ,411 ਭ.ਦ. ਭ.ਦ. ਥਾਣਾ ਸਿਟੀ ਫਿਰੋ:। | 1} ਪ੍ਰਿਥਵੀ ਰਾਜਪੂਤ ਉਰਫ ਗੰਜੀ ਪੁੱਤਰ ਵਿਨਾਸ ਉਰਫ ਜੀਤਾ ਵਾਸੀ ਮੱਖੂ ਗੇਟ ਫਿਰੋ: **(ਗ੍ਰਿਫ:)**<br>2} ਪ੍ਰਦੀਪ ਪੁੱਤਰ ਬਾਜ ਵਾਸੀ ਵਾਰ 14, **(ਗ੍ਰਿਫ:)**<br>3} ਗੱਬਰ ਸਿੰਘ ਪੁੱਤਰ ਰਾਮ ਲਾਲ ਵਾਸੀ ਬੂਟੇ ਵਾਲਾ**(ਗ੍ਰਿਫ:)** | **03 ਮੋਬਾਈਲ ਫੌਨ** |

**ਹੋਰ ਜ਼ੁਰਮਾਂ ਵਿੱਚ ਸ਼ਾਮਲ ਕਾਬੂ ਦੋਸ਼ੀ :**

| **ਜ਼ੁਰਮ** | **ਦਰਜ਼ ਮੁਕੱਦਮਾਤ** | **ਗ੍ਰਿਫਤਾਰ ਦੋਸ਼ੀ** | **ਬ੍ਰਾਮਦਗੀ** |
|---|---|---|---|
| ਐੱਨ.ਡੀ.ਪੀ.ਐਸ. ਐਕਟ | 25 | 29 | **ਹੈਰੋਇਨ :** 02 ਕਿੱਲੋ 665 ਗ੍ਰਾਮ<br>**ਅਫੀਮ :** 01 ਕਿੱਲੋ<br>**ਗੋਲੀਆ/ਕੈਪਸੂਲ :** 3400<br>**ਡਰੱਗ ਮਨੀ :** 62,000/- ਰੁਪਏ |
| ਆਬਕਾਰੀ ਐਕਟ | 08 | 11 | **ਨਜ਼ਾਇਜ਼ ਸ਼ਰਾਬ :** 933.7 ਲੀਟਰ<br>**ਲਾਹਣ :** 3155 ਕਿੱਲੋ<br>**ਭੱਠੀਆ :** 05 |
| ਅਸਲਾ ਐਕਟ | 02 | 02 | **ਪਿਸਤੌਲ :** 02 |
| ਜੂਆ ਐਕਟ | 10 | 21 | **ਜੂਏ ਦੀ ਰਕਮ :** 1,02,625/- ਰੁਪਏ |
| ਮਾਈਨਿੰਗ ਐਕਟ | 07 | 08 | **ਜਬਤ ਵਹੀਕਲ :** 08 |
| ਚੋਰੀ | 06 | 10 | **ਚੋਰੀ ਸ਼ੁਦਾ ਵਹੀਕਲ :** 39 |

**ਇਸ ਅਰਸੇ ਦੋਰਾਨ 11 ਪੀ.ਓਜ਼ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।**